a2zpapers.com

www.a2zpapers.com

**Exam. Code : 105403**
**Subject Code : 1473**

## BBA 3rd Semester
## PUNJABI COMPULSORY
## Paper—BBA-302 (i)

Time Allowed—3 Hours] [Maximum Marks—50

ਨੋਟ :- ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਬਾਵਾ ਬਲਵੰਤ ਦੀ ਕਾਵਿਤਾ 'ਊਸ਼ਾ' ਦਾ ਵਿਸ਼ਾ-ਵਸਤੂ ਲਿਖੋ।

ਜਾਂ

ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਰਾਧਾ ਸੰਦੇਸ਼' ਦਾ ਸਾਰ ਵਿਸਥਾਰ ਸਹਿਤ ਲਿਖੋ। 15

2. 'ਬੰਬ ਕੇਸ' ਜਾਂ 'ਸੁਹਾਗ' ਇਕਾਂਗੀ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

ਜਾਂ

ਕਿਸੇ ਦੋ ਪਾਤਰਾਂ ਦਾ ਪਾਤਰ ਚਿਤਰਨ ਕਰੋ :

(ੳ) ਮੇਲੋ

(ਅ) ਜ਼ੀਨਤ

(ੲ) ਵਜ਼ੀਰਾ

(ਸ) ਔਰੰਗਜ਼ੇਬ। 15

462(2117)/BSS-22671 (Contd.)

www.a2zpapers.com www.a2zpapers.com
oad free old Question papers gndu, ptu hp board, punjab

a2zpapers.com

3. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰਕੇ ਢੁੱਕਵਾਂ ਸਿਰਲੇਖ ਦਿਓ :

ਪੁਰਾਤਨ ਸਮੇਂ ਤੋਂ ਹੀ ਬਨਸਪਤੀ, ਪ੍ਰਾਣੀ, ਜਗਤ ਤੇ ਵਾਤਾਵਰਣ ਵਿਚਕਾਰ ਇੱਕ ਨਾਜ਼ੁਕ ਸੰਤੁਲਨ ਬਣਿਆ ਹੋਇਆ ਹੈ। ਅੱਜ ਮਨੁੱਖ ਦੀ ਸੁੱਖ ਸੁਵਿਧਾਵਾਂ ਪ੍ਰਾਪਤੀ ਦੀ ਬੇਓੜਕ ਲਾਲਸਾ ਕਾਰਨ ਇਹ ਸੰਤੁਲਨ ਵਿਗੜ ਰਿਹਾ ਹੈ। ਤੇਜ਼ੀ ਨਾਲ ਵੱਧ ਰਹੀ ਆਬਾਦੀ ਤੇ ਇਸ ਦੇ ਪ੍ਰਭਾਵ ਵਜੋਂ ਜੰਗਲੀ ਖੇਤਰ ਦੀ ਕੱਟ ਵੱਢ, ਭੂ-ਖੋਰ ਤੇ ਭੂ-ਪ੍ਰਦੂਸ਼ਣ ਵਰਗੀਆਂ ਸਮੱਸਿਆਵਾਂ ਨੂੰ ਜਨਮ ਦੇ ਰਹੀ ਹੈ। ਮਨੁੱਖ ਦੁਆਰਾ ਨਿਰਮਾਨਤ ਫੈਕਟਰੀਆਂ ਤੇ ਉਦਯੋਗਾਂ ਤੋਂ ਨਿਕਲ ਰਹੇ ਫ਼ਾਲਤੂ ਗੈਸੀ ਪਦਾਰਥ, ਸਾਡੇ ਵਾਯੂਮੰਡਲ ਨੂੰ ਗੰਧਲਾ ਕਰ ਰਹੇ ਹਨ। ਸ਼ਹਿਰਾਂ ਨਗਰਾਂ ਤੇ ਉਦਯੋਗਿਕ ਸੰਸਥਾਵਾਂ ਤੋਂ ਪੈਦਾ ਹੋਇਆ ਮਲਬਾ ਤੇ ਗੰਦ ਮਾਲ, ਭੂ ਪ੍ਰਦੂਸ਼ਣ ਤੇ ਪਾਣੀ ਪ੍ਰਦੂਸ਼ਣ ਦਾ ਕਾਰਨ ਬਣ ਰਿਹਾ ਹੈ। ਕੋਲਾ, ਗੈਸ ਤੇ ਤੇਲ ਦੀ ਵਾਧੂ ਤੇ ਬੇਲੋੜੀ ਵਰਤੋਂ ਵੀ ਵਾਤਾਵਰਣੀ ਪ੍ਰਦੂਸ਼ਣ ਨੂੰ ਵਧਾਉਣ ਵਿੱਚ ਵੱਡਾ ਹਿੱਸਾ ਪਾ ਰਹੀ ਹੈ। ਇਸ ਤਰ੍ਹਾਂ ਉਹ ਸਾਰੇ ਪਦਾਰਥ, ਜੋ ਪਾਣੀ, ਹਵਾ ਤੇ ਮਿੱਟੀ ਦੇ ਕੁਦਰਤੀ ਗੁਣਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਜਾਂ ਅਜਿਹੇ ਜ਼ਹਿਰੀਲੇ ਮਾਦੇ ਦਾ ਨਿਕਾਸ ਕਰਦੇ ਹਨ, ਜੋ ਮਨੁੱਖਾਂ, ਪਸ਼ੂ, ਪੰਛੀਆਂ ਤੇ ਪੌਦਿਆਂ ਨੂੰ ਨੁਕਸਾਨ ਪਹੁੰਚਾਣ ਦਾ ਕਾਰਣ ਬਣਦਾਂ ਹੈ, ਨੂੰ ਪ੍ਰਦੂਸ਼ਣ ਕਰਤਾ ਕਿਹਾ ਜਾਂਦਾ ਹੈ, ਇੰਜ ਵਾਤਾਵਰਣੀ ਪ੍ਰਦੂਸ਼ਣ ਸਾਡੇ ਚੌਗਿਰਦੇ ਵਿੱਚ ਵਾਪਰ ਰਹੀਆਂ ਅਣਚਾਹੀਆਂ ਤਬਦੀਲੀਆਂ ਦਾ ਨਾਂ ਹੀ ਹੈ। ਸਾਡੀ ਜੀਵਨ ਪ੍ਰਣਾਲੀ ਉੱਪਰ ਵਾਤਾਵਰਣੀ ਪ੍ਰਦੂਸ਼ਣ ਦੇ ਅਨੇਕ ਪ੍ਰਭਾਵ ਹਨ ਅਤੇ ਇਨ੍ਹਾਂ ਪ੍ਰਭਾਵਾਂ ਦੀ ਮਾਤਰਾ ਲਗਾਤਾਰ ਵੱਧ ਰਹੀ ਹੈ। 10

4. ਉਪ-ਵਾਕ ਅਤੇ ਵਾਕ ਦੀ ਪਰਿਭਾਸ਼ਾ ਦੇਂਦੇ ਹੋਏ, ਵਾਕ ਦਾ ਕਾਰਜ ਦੇ ਆਧਾਰ ਤੇ ਵਰਗੀਕਰਣ ਕਰੋ।

ਜਾਂ

ਸ਼ਬਦ ਦੀ ਪਰਿਭਾਸ਼ਾ ਦੇਂਦੇ ਹੋਏ, ਸ਼ਬਦ ਦਾ ਅਰਥ ਅਤੇ ਪ੍ਰਕਾਰਜ ਦੇ ਆਧਾਰ 'ਤੇ ਵਰਗੀਕਰਣ ਕਰੋ। 10



www.a2zpapers.com
www.a2zpapers.com www.a2zpapers.com
oad free old Question papers gndu, ptu hp board, punjab